ਪੰਜਾਬ ਦੀ ਸਭ ਤੋਂ ਪੁਰਾਣੀ ਪੇਂਡੂ ਪੰਜਾਬੀ ਲਿਖਾਰੀ ਸਭਾ (ਰਜਿ.) ਰਾਮਪੁਰ ਵੱਲੋਂ ਪਿਛਲੇ ਸਾਲਾਂ ਦੀ ਤਰ੍ਹਾਂ 68ਵੇਂ ਵਰ੍ਹੇ ਦਾ ਸਾਲਾਨਾ ਸਮਾਗਮ 'ਕਿਸਾਨ ਅੰਦੋਲਨ' ਨੂੰ ਸਮਰਪਿਤ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਮਿੱਤਰ ਸੈਨ ਮੀਤ ਉੱਘੇ ਨਾਵਲਕਾਰ ਨੇ ਕੀਤੀ ਅਤੇ ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿਚ ਸੁਰਿੰਦਰ ਰਾਮਪੁਰੀ ਸਾਬਕਾ ਪ੍ਰਧਾਨ, ਗੁਰਦਿਆਲ ਦਲਾਲ, ਦਲਜਿੰਦਰ ਸਿੰਘ ਰਹਿਲ (ਇਟਲੀ) ਅਤੇ ਸਭਾ ਦੇ ਪ੍ਰਧਾਨ ਜਸਵੀਰ ਝੱਜ ਸ਼ਾਮਲ ਹੋਏ। ਗੁਰਦਿਆਲ ਦਲਾਲ ਨੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ ਅਤੇ ਸੁਰਿੰਦਰ ਰਾਮਪੁਰੀ ਨੇ 1988 ਤੋਂ ਦਿੱਤੇ ਜਾ ਰਹੇ ਸਨਮਾਨਾਂ ਬਾਰੇ ਤੇ ਅੱਜ ਦੀਆਂ ਸਨਮਾਨ ਸਖਸ਼ੀਅਤਾਂ ਬਾਰੇ ਜਾਣਕਾਰੀ ਦਿੱਤੀ। ਇਸ ਸਾਲਾਨਾ ਸਨਮਾਨ ਸਮਾਗਮ ਸਮੇਂ ਸ਼ਾਇਰਾ ਸੁਖਚਰਨਜੀਤ ਕੌਰ ਗਿੱਲ ਦਾ ਸਨਮਾਨ ਪੱਤਰ ਮਾਸਟਰ ਗੁਰਦਾਸ ਨੇ ਪੜ੍ਹਿਆ। 'ਸੁਖਚਰਨਜੀਤ ਕੌਰ ਗਿੱਲ' ਨੂੰ ਉਨ੍ਹਾਂ ਦੇ ਕਾਵਿ ਸੰਗ੍ਰਹਿ 'ਦੀਵਾ ਜਗਦਾ ਰਿਹਾ' ਲਈ ਸ. ਲਾਭ ਸਿੰਘ ਚਾਤ੍ਰਿਕ ਯਾਦਗਾਰੀ ਸਨਮਾਨ ਪ੍ਰਦਾਨ ਕੀਤਾ ਗਿਆ। ਸ੍ਰੀ ਕੈਲੇ ਦਾ ਸਨਮਾਨ ਪੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਪੜ੍ਹਿਆ। ਸ੍ਰੀ 'ਸੁਰਿੰਦਰ ਕੈਲੇ' ਨੂੰ ਜਸਵੰਤ ਧਮੋਟ ਯਾਦਗਾਰੀ ਸਨਮਾਨ ਪ੍ਰਦਾਨ ਕੀਤਾ ਗਿਆ। ਸ੍ਰੀ ਨਰਿੰਦਰ ਸ਼ਰਮਾ ਦਾ ਸਨਮਾਨ ਪੱਤਰ ਜਗਜੀਤ ਸਿੰਘ ਗੁਰਮ ਨੇ ਪੜ੍ਹਿਆ। ਸ੍ਰੀ 'ਨਰਿੰਦਰ ਸ਼ਰਮਾ' ਨੂੰ ਕਾਮਰੇਡ ਰਣਧੀਰ ਸਿੰਘ ਯਾਦਗਾਰੀ ਸਨਮਾਨ ਪ੍ਰਦਾਨ ਕੀਤਾ ਗਿਆ। ਉੱਕਤ ਸਨਮਾਨ ਕ੍ਰਮਵਾਰ ਸਾਬਕਾ ਸਰਪੰਚ ਅਲਬੇਲ ਸਿੰਘ ਮਾਂਗਟ, ਕਾਮਰੇਡ ਰਣਧੀਰ ਸਿੰਘ ਮਾਂਗਟ (ਸਾਬਕਾ ਸਰਪੰਚ) ਦਾ ਪ੍ਰੀਵਾਰ ਅਤੇ ਕੁਲਵੰਤ ਸਿੰਘ ਗਿੱਲ ਸਾਬਕਾ ਏ.ਜੀ.ਐਮ. ਪੀ.ਐੱਨ.ਬੀ. ਵੱਲੋਂ ਪ੍ਰਦਾਨ ਕੀਤੇ ਗਏ, ਹਰ ਇੱਕ ਸਨਮਾਨ ਵਿਚ ਇਕੱਤੀ ਸੌ ਰੁਪਏ ਦੀ ਨਗਦ ਰਾਸ਼ੀ ਤੇ ਸਨਮਾਨ ਚਿੰਨ ਭੇਂਟ ਕੀਤੇ ਗਏ। ਪ੍ਰਧਾਨਗੀ ਮੰਡਲ਼ ਵੱਲੋਂ ਗੁਰਦਿਆਲ ਦਲਾਲ ਤੇ ਸੁਰਿੰਦਰ ਰਾਮਪੁਰੀ ਦਾ ਸਾਂਝਾ ਸੰਪਾਦਤ ਗ਼ਜ਼ਲ ਸੰਗ੍ਰਹਿ 'ਸੁੰਨੀ ਅੱਖ ਦਾ ਸੁਪਨਾ' ਅਤੇ ਜਸਪ੍ਰੀਤ ਕੌਰ ਮਾਂਗਟ ਦੁਆਰਾ ਸੰਪਾਦਤ 'ਜਜ਼ਬਿਆਂ ਦੀ ਉਡਾਣ' ਕਾਵਿ ਸੰਗ੍ਰਿਹ ਲੋਕ ਅਰਪਣ ਕੀਤੇ ਗਏ। ਸ੍ਰੀ ਮਿੱਤਰ ਸੈਨ ਮੀਤ ਜੀ ਨੇ ਪੰਜਾਬੀ ਭਾਸ਼ਾ ਪਸਾਰ ਦੀਆਂ ਪਿਛਲੇ ਦੋ ਸਾਲ ਦੀਆਂ ਗਤੀਵਿਧੀਆਂ ਨੂੰ ਬਿਆਨ ਦੀ ਪੁਸਤਕ 'ਦੂਜੀ ਗਦਰ ਲਹਿਰ ਦਾ ਬਿਗਲ', ਸੁਖਚਰਨਜੀਤ ਕੌਰ ਬਿੱਲ ਨੇ ਆਪਣੇ ਕਾਵਿ ਸੰਗ੍ਰਹਿ 'ਮਿੱਟੀ ਬੋਲ ਪਈ' ਤੇ ਦੀਵਾ ਜਗਦਾ ਰਿਹਾ ਅਤੇ ਨਰਿੰਦਰ ਸ਼ਰਮਾਂ ਨੇ ਕਾਵਿ ਸੰਗ੍ਰਹਿ 'ਜਿੱਤ ਕੇ ਆਉਣ ਤੱਕ' ਪ੍ਰਧਾਨਗੀ ਮੰਡਲ ਤੇ ਰਾਮਪੁਰ ਸਭਾ ਦੀ ਲਾਇਬ੍ਰੇਰੀ ਲਈ ਭੇਂਟ ਕੀਤੇ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਉੱਘੇ ਨਾਵਲਕਾਰ ਸ੍ਰੀ ਮਿੱਤਰ ਸੈਨ ਮੀਤ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਰਾਮਪੁਰ ਸਭਾ ਸਾਹਿਤਕ ਲਹਿਰਾਂ ਪੈਦਾ ਕਰਨ ਵਾਲ਼ੀ ਸਭਾ ਹੈ, ਬਰਨਾਲ਼ਾ ਅਤੇ ਜਗਤਪੁਰ ਦੀਆਂ ਪੁਰਾਣੀਆਂ ਸਭਾਵਾਂ ਵੀ ਏਸੇ ਰਾਹ ਦੀਆਂ ਪਾਂਧੀ ਹਨ। ਉਨ੍ਹਾਂ ਅੱਜ ਦੇ ਮੁੱਖ ਮੁੱਦੇ ਦੀ ਗੱਲ ਵਿਸ਼ੇਸ਼ ਤੌਰ ਤੇ ਕਰਦਿਆਂ 'ਲੇਖਕ ਦੀ ਨਜ਼ਰ ਵਿਚ ਕਿਸਾਨ ਅੰਦੋਲਨ' ਵਿਚ ਕਿਹਾ ਕਿ ਅੱਜ ਸਦੀਆਂ ਪੁਰਾਣਾ ਇਤਿਹਾਸ ਫਿਰ ਦੁਹਰਾਇਆ ਜਾ ਰਿਹਾ ਹੈ। ਅੱਜ ਹਾਕਮ ਬਾਬਰ ਦੀਆਂ ਚੱਕੀਆਂ, ਜਹਾਂਗੀਰ ਦੀਆਂ ਤੱਤੀਆਂ ਤਵੀਆਂ, ਔਰੰਗਜੇਬ ਦਾ ਚਾਂਦਨੀ ਚੌਂਕ, ਹਿੱਟਲਰ ਦੇ ਤਸੀਹੇ ਆਦਿ ਨਵੇਂ ਰੂਪ ਵਿਚ ਸਾਹਮਣੇ ਆ ਰਹੇ ਹਨ। ਮਲਕ ਭਾਗੋ ਨੇ ਕੋਰਪੋਰੇਟ ਦਾ ਰੂਪ ਧਾਰ ਲਿਆ ਹੈ। ਕਿਸਾਨ ਅੰਦੋਲਨ ਦੇ ਰੂਪ ਵਿਚ ਸਮੁੰਦਰ ਮੰਥਨ ਹੋ ਰਿਹਾ ਹੈ। ਕਿਸਾਨ ਸ਼ਹੀਦ ਹੋ ਰਹੇ ਹਨ, ਜੇਲ੍ਹਾਂ ਭਰੀਆਂ ਜਾ ਰਹੀਆਂ ਹਨ, ਪਰ ਧਿਰਤਰਾਸ਼ਟਰ ਅੱਖਾਂ ਤੇ ਪੱਟੀ ਬੰਨ੍ਹੀ ਬੈਠਾ ਸਿਰਫ 'ਮਨ ਕੀ ਬਾਤ' ਕਰ ਰਿਹਾ ਹੈ। ਅਭਿਮੰਨੂੰ ਚੱਕਰਵਿਯੂ ਵਿਚ ਹਨ ਤੇ ਦਰੋਪਤੀਆਂ ਦੇ ਚੀਰ ਹਰਨ ਹੋ ਰਹੇ ਹਨ। ਸ਼ਿਵ ਦਾ ਤਾਂਡਵ ਜਾਰੀ ਹੈ। ਹੁਣ ਲੋਕਾਂ ਨੂੰ ਬਾਬਾ ਬੰਦਾ ਬਹਾਦਰ ਦੀ ਉਡੀਕ ਹੈ। ਸਮੇਂ ਵਿਚ ਵਾਪਰਦੀਆਂ ਗੱਲਾਂ ਆਮ ਲੋਕਾਂ ਲਈ ਆਮ ਹੀ ਹੁੰਦੀਆਂ ਹਨ। ਪਰ ਲੇਖਕ ਉਸ ਵਰਤਾਰੇ ਨੂੰ ਆਪਣੀ ਦਿੱਭਦ੍ਰਿਸ਼ਟੀ ਅਨੁਸਾਰ ਜਦੋਂ ਲੇਖਣੀ ਵਿਚ ਸਾਂਭਦਾ ਹੈ ਤਾਂ ਉਹ ਚਮਤਕਾਰ ਵਾਂਗ ਵਾਪਰਦੀਆਂ ਘਟਨਾਵਾਂ ਇਤਿਹਾਸ ਬਣ ਜਾਂਦੀਆਂ ਹਨ ਤੇ ਬਾਅਦ ਵਿਚ ਲੋਕ ਗੱਲਾਂ ਕਰਦੇ ਹਨ।"

ਦੂਸਰੇ ਦੌਰ ਵਿਚ ਬਾਬੂ ਸਿੰਘ ਚੌਹਾਨ ਗ਼ਜ਼ਲਗੋ ਕੈਲਾਸ਼ ਅਮਲੋਹੀ ਅਤੇ ਅਮਰਜੀਤ ਸੋਮਲ ਯਾਦਗਾਰੀ ਦਰਬਾਰ, ਮੀਤ ਪ੍ਰਧਾਨ ਸਾਹਿਤ ਅਕਾਦਮੀ ਲੁਧਿ. ਡਾ. ਗੁਲਜ਼ਾਰ ਸਿੰਘ ਪੰਧੇਰ ਤੇ ਸਾਬਕਾ ਸੀਨੀ. ਮੀਤ ਪ੍ਰਧਾਨ ਸੁਖਜੀਤ, ਕਹਾਣੀਕਾਰ ਮੁਖਤਿਆਰ, ਸਭਾ ਦੀ ਸਕੱਤਰ ਨੀਤੂ ਰਾਮਪੁਰ ਅਤੇ ਗੁਰਸੇਵਕ ਸਿੰਘ ਪ੍ਰਧਾਨ ਸਹਿਤ ਸਭਾ ਸ੍ਰੀ ਭੈਣੀ ਸਾਹਿਬ ਦੀ ਪ੍ਰਧਾਨਗੀ ਹੇਠ ਹੋਏ ਕਵੀ ਦਰਬਾਰ ਵਿਚ ਲਾਭ ਸਿੰਘ ਬੇਗੋਵਾਲ, ਪੱਪੂ ਬਲਬੀਰ, ਬਲਵੰਤ ਚਿਰਾਗ਼, ਰਜਿੰਦਰ ਕੌਰ ਪੰਨੂੰ, ਅਨਿੱਲ ਫਤਿਹਗੜ੍ਹਜੱਟਾਂ, ਜਰਨੈਲ ਸਿੰਘ ਮਾਂਗਟ, ਹਰਬੰਸ ਰਾਏ, ਕਾਕਾ ਮਰਜਾਰਾ, ਮੇਘ ਸਿੰਘ ਜਵੰਦਾ, ਬਲਵਿੰਦਰ ਸਿੰਘ ਜੱਲ੍ਹਾ, ਹਰਬੰਸ ਮਾਲਵਾ,

ਜਸਪ੍ਰੀਤ ਕੌਰ ਮਾਂਗਟ, ਭਗਵੰਤ ਲਿੱਟ, ਵਿਸ਼ਵਿੰਦਰ ਵਸ਼ਿਸ਼ਟ, ਅਮਨ ਅਜ਼ਾਦ, ਭੁਪਿੰਦਰ ਡਿਓਟ, ਜਗਦੇਵ ਮਕਸੂਦੜਾ, ਆਦਿ ਹਾਜ਼ਰ ਸ਼ਾਇਰ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਪੂਰੇ ਸਮਾਗਮ ਦੀ ਮੰਚ ਸੰਚਾਲਨਾ ਸਭਾ ਦੇ ਜਨਰਲ ਸਕੱਤਰ ਬਲਵੰਤ ਮਾਂਗਟ ਅਤੇ ਜਸਵੀਰ ਝੱਜ ਨੇ ਭਾਵਪੂਰਤ ਅੰਦਾਜ਼ ਵਿਚ ਬਾਖੂਬੀ ਨਿਭਾਈ। ਇਸ ਸਮੇਂ ਉੱਕਤ ਦੇ ਨਾਲ਼ ਨਾਲ਼ ਨਾਵਲਕਾਰ ਦਵਿੰਦਰ ਸੇਖਾ, ਪ੍ਰੋ. ਸਕਿੰਦਰ ਸਿੰਘ ਗਿੱਲ, ਬਲਦੇਵ ਸਿੰਘ ਝੱਜ, ਰਣਜੀਤ ਭੁੱਟਾ, ਸੰਦੀਪ ਸਮਰਾਲ਼ਾ, ਗੁਰਭਗਤ ਸਿੰਘ, ਜਸਵਿੰਦਰ ਸਿੰਘ ਘਲੋਟੀ, ਰਣਜੀਤ ਕੌਰ ਸੋਹਲ, ਬਲਬੀਰ ਸਿੰਘ ਧਮੋਟ, ਊਧਮ ਸਿੰਘ, ਪੁਖਰਾਜ ਸਿੰਘ ਘੁਲਾਲ, ਨੇਤਰ ਮੁੱਤੋਂ, ਡਾ. ਟਹਿਲ ਸਿੰਘ ਜੱਸਲ, ਆਦਿ ਲੇਖਕ ਤੇ ਸਾਹਿਤ ਪ੍ਰੇਮੀ ਵੱਡੀ ਗਿਣਤੀ ਵਿਚ ਹਾਜ਼ਰ ਸਨ।